# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ. 7389/ਕਾਲਜ/ਸ-6,4

ਮਿਤੀ 29/4/23

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ,
ਚੇਅਰਮੈਨ/ਪ੍ਰਿੰਸੀਪਲ ਸਾਹਿਬਾਨ ਨੂੰ

ਵਿਸ਼ਾ:- ਕੋਰਸ ਕੰਟੀਨਿਊਸ਼ਨ ਫੀਸਾਂ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਮਿਤੀ 14.2.2023 ਨੂੰ ਸਟੈਂਡਿੰਗ ਕਮੇਟੀ ਦੀ ਹੋਈ ਇੱਕਤਰਤਾ ਵਿੱਚ ਕੋਰਸ ਕੰਟੀਨਿਊਸ਼ਨ ਫੀਸਾਂ ਸਬੰਧੀ ਕੀਤੀਆਂ ਗਈਆਂ ਸ਼ਿਫਾਰਸ਼ਾਂ ਨੂੰ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਪ੍ਰਵਾਨ ਕਰ ਲੈਣ ਉਪਰੰਤ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਪੀ.ਜੀ. ਕੋਰਸਾਂ (ਐਮ.ਕਾਮ, ਐਲ.ਐਲ.ਐਮ, ਐਮ.ਐਡ, ਐਮ.ਪੀ.ਐਡ, ਪ੍ਰੋਫੈਸ਼ਨਲ ਐਮ.ਐਸ-ਸੀ, ਐਮ.ਬੀ.ਏ, ਐਮ.ਸੀ.ਏ ਆਦਿ (M.Sc-IT ਕੋਰਸ ਨੂੰ ਛੱਡ ਕੇ) ਦੀ ਕੰਟੀਨਿਊਸ਼ਨ ਫੀਸ ਲਈ ਜਾਂਦੀ ਹੈ, ਉਹਨਾਂ ਕੋਰਸਾਂ ਦੇ ਐਂਟਰੀ ਪੁਆਇੰਟ/ਭਾਗ ਪਹਿਲਾ ਵਿੱਚ ਦਾਖਲੇ ਨਾ ਹੋਣ ਦੀ ਸੂਰਤ ਵਿੱਚ ਵੀ ਸਬੰਧਤ ਕਾਲਜ ਨੂੰ ਨਿਰਧਾਰਤ ਮਿਤੀ ਤੱਕ ਬਣਦੀ ਪੂਰੀ ਕੋਰਸ ਕੰਟੀਨਿਊਸ਼ਨ ਫੀਸ + GST ਜਮਾਂ ਕਰਵਾਉਣੀ ਲਾਜ਼ਮੀ ਹੋਵੇਗੀ, ਪਰੰਤੂ ਜੇਕਰ ਕੋਰਸ ਦੇ ਦੋਨਾਂ ਭਾਗਾਂ ਵਿੱਚ ਕੋਈ ਵੀ ਦਾਖਲਾ ਨਹੀ ਹੈ ਤਾਂ ਉਸ ਸੂਰਤ ਵਿੱਚ ਬਣਦੀ ਕੋਰਸ ਕੰਟੀਨਿਊਸ਼ਨ ਫੀਸ ਦੀ 50% + GST ਫੀਸ ਲਈ ਜਾਵੇਗੀ।

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਨਿਰਧਾਰਤ ਮਿਤੀ (31 ਅਗਸਤ) ਤੱਕ ਉਕਤ ਅਨੁਸਾਰ ਬਣਦੀ ਕੋਰਸ ਕੰਟੀਨਿਊਸ਼ਨ ਫੀਸ ਜਮਾਂ ਨਾ ਕਰਵਾਉਣ ਦੀ ਸੂਰਤ ਵਿੱਚ ਯੂਨੀਵਰਸਿਟੀ ਨਿਯਮਾਂ ਅਨੁਸਾਰ ਨਿਰਧਾਰਤ ਜੁਰਮਾਨਾ ਲਗੇਗਾ। ਅਗਲਾ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਤੱਕ ਨਿਰਧਾਰਤ ਫੀਸ ਸਮੇਤ ਜੁਰਮਾਨਾ ਨਾ ਦੇਣ ਦੀ ਸੂਰਤ ਵਿੱਚ ਸਬੰਧਤ ਕੋਰਸ ਬੰਦ ਕਰ ਦਿੱਤਾ ਜਾਵੇਗਾ। ਭਵਿੱਖ ਵਿੱਚ ਇਹ ਕੋਰਸ ਨਿਯਮਾਂ ਅਨੁਸਾਰ ਨਵੇਂ ਸਿਰੇ ਤੋਂ ਹੀ ਸ਼ੁਰੂ ਕੀਤਾ ਜਾ ਸਕੇਗਾ।

ਗੁਰਪ੍ਰੀਤ ਸਿੰਘ
28/4/23
ਡੀਨ ਕਾਲਜ ਵਿਕਾਸ ਕੌਂਸਲ